# MUNICIPAL CORPORATION BATHINDA, LOCAL GOVT. PUNJAB, DEPTT, PUNJAB

## NOTICE INVITING E-Auction

www.tenderwizard.com/DLGP

No. 173/ ਓ/ਹਾਪ/ਖ/ Date 14.08.2025

## e-Auction Notice

ਨਗਰ ਨਿਗਮ ਵੱਲੋਂ e-Auction ਰਾਹੀਂ ਪਾਰਕ ਨੰ: 77, ਮਾਡਲ ਟਾਊਨ ਫੇਸ-2 ਬਠਿੰਡਾ ਵਿਖੇ ਸ਼੍ਰੀ ਰਾਮ ਚੰਦ ਅਰੋੜਾ ਦੇ ਨਿਵਾਸ ਦੇ ਬਾਹਰ ਅਤੇ ਪਾਰਕ ਨੰ: 1 (ਸਿਲੰਡਰਾਂ ਵਾਲਾ ਪਾਰਕ) ਦੀ ਕੰਧ ਦੇ ਨਾਲ ਸਾਹਮਣੇ ਮਕਾਨ ਨੰ: 1220 ਦੇ ਵਿਖੇ ਖੜ੍ਹੇ ਦਰੱਖਤਾਂ ਦੀ ਨਿਲਾਮੀ ਕੀਤੀ ਜਾਣੀ ਹੈ। ਬੋਲੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਬੋਲੀ ਦਾ ਵੇਰਵਾ:-

| ਲੜੀ ਨੰ: | ਦਰੱਖਤਾਂ ਦੀ ਕਿਸਮ | ਰੁੱਖਾਂ ਦੀ ਗਿਣਤੀ | ਰਾਖਵੀਂ ਕੀਮਤ |
|---|---|---|---|
| 1. | ਪਾਪੂਲਰ (41), ਸਫੈਦਾ (1) ਅਤੇ ਫੁੱਟਕਲ (1) | 43 ਨੰਬਰ | 1,73,890/- |

ਬੋਲੀ ਦੀ ਮਿਤੀ ਅਤੇ ਸਮਾਂ: -

| ਲੜੀ ਨੰ: | ਬਿੱਡਰ ਲਈ ਰਜਿਸਟ੍ਰੇਸ਼ਨ ਦੀ ਮਿਤੀ ਅਤੇ ਸਮਾਂ | ਬਿੱਡ ਰਜਿਸਟ੍ਰੇਸ਼ਨ ਚੈਕ ਕਰਨ ਦੀ ਮਿਤੀ ਅਤੇ ਸਮਾਂ | ਆਨ-ਲਾਈਨ ਬਿੱਡ ਦੀ ਮਿਤੀ ਅਤੇ ਸਮਾਂ |
|---|---|---|---|
| 1. | 14.8.2025 ਨੂੰ ਬਾਅਦ ਦੁਪਹਿਰ 4.00 ਵਜੇ ਤੋਂ 04.9.2025 ਨੂੰ ਸਵੇਰੇ 11.00 ਵਜੇ ਤੱਕ । | 04.09.2025 ਨੂੰ ਸਵੇਰੇ 11.30 ਵਜੇ। | 08.09.2025 ਨੂੰ ਸਵੇਰੇ 11.00 ਤੋਂ ਮਿਤੀ 10.09.2025 ਨੂੰ ਸਵੇਰੇ 11.00 ਵਜੇ ਤੱਕ |

ਈ-ਨਿਲਾਮੀ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ:-

1. ਈ-ਨਿਲਾਮੀ ਪ੍ਰੀਕ੍ਰਿਆ ਸਬੰਧੀ ਕਿਸੇ ਸਪੱਸ਼ਟੀਕਰਨ ਲਈ, ਹੋਰ ਨਿਯਮ ਅਤੇ ਸ਼ਰਤਾਂ ਲਈ www.tenderwizard.com/DLGP ਅਤੇ www.mcbathinda.com ਦੇ ਨਾਲ-ਨਾਲ ਦਫਤਰੀ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਕਮਰਾ ਨੰ: 225 ਵਿੱਚ ਦੇਖੀਆ ਜਾ ਸਕਦੀਆ ਹਨ।
2. ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਤਬਦੀਲੀ, ਗਲਤੀ ਜਾਂ ਸੋਧ ਸਬੰਧੀ ਸੂਚਨਾ ਹੇਠਾਂ ਦਿੱਤੀ ਵੈਬਸਾਈਟ www.tenderwizard.com/DLGP ਤੇ ਅੱਪਲੋਡ ਕੀਤੀ ਜਾਵੇਗੀ। ਅਖਬਾਰਾਂ ਵਿੱਚ ਕੋਈ ਵੱਖਰਾਂ ਕੋਰੀਜੰਡਮ ਜਾਰੀ ਨਹੀਂ ਕੀਤਾ ਜਾਵੇਗਾ।
3. ਬੋਲੀਕਾਰ ਵੱਲੋਂ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰਵਾਉਣ ਦੇ ਨਾਲ-2 ਆਨ-ਲਾਈਨ ਬੋਲੀ ਦੀ ਤਕਨੀਕੀ ਬਿੱਡ ਦੀਆਂ ਸ਼ਰਤਾਂ ਅਨੁਸਾਰ ਸਬੰਧਤ Scanned ਦਸਤਾਵੇਜ਼ ਅੱਪਲੋਡ ਕਰੇਗਾ।
4. ਬੋਲੀਕਾਰ ਵੱਲੋਂ ਬਿਆਨਾ ਰਕਮ ਅਤੇ ਪ੍ਰੋਸੈਸਿੰਗ ਫੀਸ ਆਨ-ਲਾਈਨ ਜਮ੍ਹਾ ਕਰਵਾਈ ਜਾਵੇਗੀ।
5. ਹਰੇਕ ਬੋਲੀਕਾਰ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਰਜਿਸਟਰ ਹੋਣਾ ਜਰੂਰੀ ਹੈ।
6. ਈ-ਆਕਸ਼ਨ ਦੇ ਸਬੰਧ ਵਿੱਚ ਕੋਈ ਪੁੱਛਗਿੱਛ ਅਤੇ ਪੋਰਟਲ ਤੇ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਲਈ ਬੋਲੀਕਾਰ Tender wizard ਦੇ ਹੈਲਪ ਲਾਈਨ ਨੰ: 0172-5035985, 92572-09340 (ਚੰਡੀਗੜ੍ਹ) ਨਾਲ ਸੰਪਰਕ ਕਰ ਸਕਦਾ ਹੈ।
7. ਸਾਰੇ ਬੋਲੀਕਾਰਾਂ ਨੂੰ ਪਹਿਲਾਂ ਰਜਿਸਟ੍ਰੇਸ਼ਨ ਕਰਾਉਣਾ ਜਰੂਰੀ ਹੈ ਅਤੇ ਦੇਰੀ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

ਨਿਯਮ ਅਤੇ ਸ਼ਰਤਾਂ:-

1. ਹਰੇਕ ਬੋਲੀਕਾਰ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਈ-ਆਕਸ਼ਨ ਪੋਰਟਲ www.tenderwizard.com/DLGP ਰਾਹੀਂ ਆਨ-ਲਾਈਨ ਜਮ੍ਹਾ ਕਰਵਾਏਗਾ। ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਆਨ-ਲਾਈਨ ਰਿਫੰਡ ਕੀਤੀ ਜਾਵੇਗੀ ।

2. ਜੇਕਰ ਬੋਲੀ ਦੌਰਾਨ ਆਖਰੀ 10 ਮਿੰਟਾਂ ਵਿੱਚ ਕਿਸੇ ਬੋਲੀਕਾਰ ਵੱਲੋਂ ਬੋਲੀ ਦਿੱਤੀ ਜਾਂਦੀ ਹੈ ਤਾਂ ਬੋਲੀ ਲਗਾਉਣ ਦਾ ਸਮਾਂ ਆਪਣੇ-ਆਪ (Automatic) 30 ਮਿੰਟ ਲਈ ਵੱਧ ਜਾਵੇਗਾ ਤਾਂ ਜੋ ਦੂਸਰੇ ਬੋਲੀਕਾਰਾਂ ਨੂੰ ਬੋਲੀ ਵਿੱਚ ਬਰਾਬਰ ਦਾ ਮੌਕਾ ਮਿਲ ਸਕੇ। ਨਿਲਾਮੀ/ਬੋਲੀ ਉਦੋਂ ਹੀ ਬੰਦ ਹੋਵੇਗੀ ਜਦੋਂ ਪਿੱਛਲੇ 10 ਮਿੰਟਾਂ ਦੇ ਸਮੇਂ ਦੌਰਾਨ ਕੋਈ ਹੋਰ ਵਾਧਾ ਦਰਜ਼ ਨਹੀਂ ਕੀਤਾ ਜਾਂਦਾ ਹੈ। (For example: If the auction is closing at 14.00 Hrs and if any bidder bids between 13.50 Hrs and 14.00 Hrs, the auto auction extension will extend the auction closing time to 14.30 Hrs, and if any bidder bids between 14.20 Hrs and 14.30 Hrs, it will be extended to 15.00 Hrs and so on.)
3. ਬੋਲੀ ਦੌਰਾਨ ਬੋਲੀਕਾਰ ਵੱਲੋਂ ਦਿੱਤੀ ਜਾਣ ਵਾਲੀ ਬੋਲੀ ਵਿੱਚ ਵਾਧਾ ਘੱਟੋਂ ਘੱਟ 1000/- ਰੁਪਏ ਦੀ ਹੋਵੇਗੀ। ਇਸ ਤੋਂ ਘੱਟ ਬੋਲੀ ਨਾ ਮੰਨਜੂਰ ਹੋਵੇਗੀ ।
4. ਦਰੱਖਤਾਂ ਦੀ ਬੋਲੀ ਈ-ਆਕਸ਼ਨ ਰਾਹੀਂ ਹੀ ਤੇ ਦਿੱਤੀ ਜਾਵੇਗੀ। ਬੋਲੀ ਲਈ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ।
5. ਬੋਲੀ ਸਬੰਧੀ ਬਾਕੀ ਦੀਆਂ ਸ਼ਰਤਾਂ ਨਾਲ ਨੱਥੀ ਹਨ। ਸਬੰਧਤ ਵੱਲੋਂ ਇਨ੍ਹਾਂ ਨੂੰ ਵਾਚ ਲੈਣਾ ਲਾਜ਼ਮੀ ਹੈ।

## ਦਰੱਖਤਾਂ ਦੀ ਬੋਲੀ ਸਬੰਧੀ ਸ਼ਰਤਾਂ:-

1. ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਵੱਖ-2 ਥਾਵਾਂ ਤੇ ਲੱਗੇ ਦਰੱਖਤਾਂ ਨੂੰ ਆਨ-ਲਾਈਨ E-auction (ਆਨ-ਲਾਈਨ ਬੋਲੀ) ਰਾਹੀਂ ਵੇਚਿਆ ਜਾਣਾ ਹੈ। ਇਨ੍ਹਾਂ ਦਰੱਖਤਾਂ ਦੀ ਕੁੱਲ ਗਿਣਤੀ 43 ਹੈ।
2. ਦਰੱਖਤਾਂ ਦੀ ਲੋਕੇਸ਼ਨ, ਕਿਸਮ ਅਤੇ ਸਾਈਜ਼ ਦੀ ਡਿਟੇਲ ਨਾਲ ਨੱਥੀ ਹੈ।
3. ਦਰੱਖਤਾਂ ਦੀ ਰਿਜ਼ਰਵ ਕੀਮਤ 1,73,890/- ਰੁਪਏ ਹੈ।
4. ਦਰੱਖਤਾਂ ਦੀ ਬੋਲੀ ਈ-ਆਕਸ਼ਨ ਰਾਹੀਂ ਹੀ ਤੇ ਦਿੱਤੀ ਜਾਵੇਗੀ ਅਤੇ ਬੋਲੀ ਲਈ ਘੱਟੋਂ ਘੱਟ ਤਿੰਨ ਬੋਲੀਕਾਰਾਂ ਦਾ ਹੋਣਾ ਲਾਜ਼ਮੀ ਹੈ।
5. ਬੋਲੀਕਾਰ ਵੱਲੋਂ ਬੋਲੀ ਵਿੱਚ ਹਿੱਸਾ ਲੈਣ ਲਈ ਹੇਠ ਲਿਖੇ ਅਨੁਸਾਰ ਦਸਤਾਵੇਜ਼ਾਂ ਦੇ ਨਾਲ 50,000/- ਰੁਪਏ ਅਮਾਨਤੀ ਰਕਮ ਵੱਜੋਂ ਆਨ-ਲਾਈਨ ਜਮ੍ਹਾ ਕਰਵਾਉਣਾ ਲਾਜ਼ਮੀ ਹੈ ਜੋ ਕਿ ਸਫਲ ਬੋਲੀਕਾਰ ਨੂੰ ਛੱਡਕੇ ਬਾਕੀ ਦੇ ਬੋਲੀਕਾਰਾਂ ਨੂੰ ਬੋਲੀ ਦੀ ਪ੍ਰਵਾਨਗੀ ਉਪਰੰਤ ਆਨ-ਲਾਈਨ ਹੀ ਵਾਪਿਸ ਕੀਤੀ ਜਾਵੇਗੀ।

   ਬੋਲੀਕਾਰ ਆਨ-ਲਾਈਨ ਬਿਆਨਾ ਰਕਮ ਜਮ੍ਹਾ ਕਰਾਉਣ ਸਮੇਂ ਹੇਠ ਲਿਖੇ ਅਨੁਸਾਰ Scanned Document ਅੱਪਲੋਡ ਕਰੇਗਾ:-

   - ਸਵੈ-ਘੋਸ਼ਣਾ ਪੱਤਰ ਅੱਪਲੋਡ ਕਰੇਗਾ ਕਿ ਉਹ ਨਗਰ ਨਿਗਮ ਦਾ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਕਿਸੇ ਹੋਰ ਵਿਭਾਗ ਤੋਂ ਬਲੈਕ ਲਿਸਟ ਹੈ।
   - ਪੈਨ ਨੰਬਰ।
   - ਆਪਣਾ ਇੱਕ ਸਨਾਖਤੀ ਸਬੂਤ ਜਿਵੇਂ ਕਿ ਅਧਾਰ ਕਾਰਡ, ਵੋਟਰ ਕਾਰਡ ਆਦਿ ਵਿੱਚੋਂ ਕੋਈ ਇੱਕ ਦਸਤਾਵੇਜ਼।

   ਈ-ਆਕਸ਼ਨ ਪੋਰਟਲ www.tenderwizard.com/DLGP ਤੇ ਅੱਪਲੋਡ ਕਰੇਗਾ।
6. ਬੋਲੀਕਾਰ ਦੀ ਘੱਟੋਂ ਘੱਟ ਬੋਲੀ 1000/- ਦੀ ਹੋਵੇਗੀ, ਇਸ ਤੋਂ ਘੱਟ ਦਿੱਤੀ ਬੋਲੀ ਮੰਨਣ ਯੋਗ ਨਹੀਂ ਹੋਵੇਗੀ।
7. ਸਫਲ ਬੋਲੀਕਾਰ ਵੱਲੋਂ ਲੱਕੜ ਦੀ ਨਿਲਾਮੀ ਦੀ ਕੀਮਤ ਬੋਲੀ ਪ੍ਰਵਾਨ ਹੋਣ ਤੋਂ 7 ਦਿਨਾਂ ਦੇ ਅੰਦਰ-2 ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।

8. ਸਫਲ ਬੋਲੀਕਾਰ ਵੱਲੋਂ ਬੋਲੀ ਦੀ ਪ੍ਰਵਾਨਗੀ ਅਤੇ ਪ੍ਰਵਾਨਤ ਨਿਲਾਮੀ ਦੀ ਕੀਮਤ ਜਮ੍ਹਾ ਕਰਵਾਉਣ ਉਪਰੰਤ 15 ਦਿਨਾਂ ਦੇ ਅੰਦਰ-2 ਦਰੱਖਤ ਕੱਟਣ ਅਤੇ ਲੱਕੜ ਚੁੱਕਣ ਦਾ ਪਾਬੰਦ ਹੋਵੇਗਾ।

9. ਦਰੱਖਤਾਂ ਦੀ ਕਟਾਈ ਸਮੇਂ ਜਾਂ ਢੁਆ-ਢੁਆਈ ਸਮੇਂ ਜੇਕਰ ਕਿਸੇ ਕਿਸਮ ਘਟਨਾ ਦੌਰਾਨ ਕੋਈ ਜਾਨੀ ਜਾਂ ਮਾਲੀ ਨੁਕਸ਼ਾਨ ਹੁੰਦਾ ਹੈ ਤਾਂ ਉਸ ਦੀ ਪੂਰਨ ਜਿੰਮੇਵਾਰੀ ਖਰੀਦਾਰ (ਸਫਲ ਬੋਲੀਕਾਰ) ਦੀ ਹੀ ਹੋਵੇਗੀ। ਇਸ ਦਾ ਨਗਰ ਨਿਗਮ ਨਾਲ ਕੋਈ ਸਬੰਧ ਨਹੀਂ ਹੋਵੇਗਾ।

10. ਜੋ ਦਰੱਖਤ ਨਿਲਾਮੀ ਵਿੱਚ ਸ਼ਾਮਲ ਕੀਤੇ ਗਏ ਹਨ, ਉਸ ਦੀ ਲਿਸਟ ਨਾਲ ਨੱਥੀ ਹੈ ਅਤੇ ਇਹ ਦਰੱਖਤ ਵੱਖ-2 ਥਾਵਾਂ ਤੇ ਹਨ ਅਤੇ ਇਹਨਾਂ ਨੂੰ ਦਰੱਖਤਾਂ ਤੇ ਨਗਰ ਨਿਗਮ ਵੱਲੋਂ ਲਾਲ ਰੰਗ ਨਾਲ ਨਿਸ਼ਾਨ X ਦਾ ਨਿਸ਼ਾਨ ਲਗਾਇਆ ਜਾਵੇਗਾ। ਬੋਲੀਕਾਰ ਇਨ੍ਹਾਂ ਦਰੱਖਤਾਂ ਨੂੰ ਹੀ ਕੱਟਣ ਦਾ ਪਾਬੰਦ ਹੋਵੇਗਾ।

11. ਦਰੱਖਤਾਂ ਦੀ ਕਟਾਈ ਦੌਰਾਨ ਅਤੇ ਇਨ੍ਹਾਂ ਦੀ ਢੋਆ-ਢੁਆਈ ਦਾ ਹਰ ਤਰ੍ਹਾਂ ਦਾ ਖਰਚਾ ਠੇਕੇਦਾਰ/ਬੋਲੀਕਾਰ ਵੱਲੋਂ ਕੀਤਾ ਜਾਵੇਗਾ। ਨਗਰ ਨਿਗਮ ਵੱਲੋਂ ਇਸ ਦੀ ਕੋਈ ਅਦਾਇਗੀ ਨਹੀਂ ਕੀਤੀ ਜਾਵੇਗੀ।

12. ਦਰੱਖਤਾਂ ਦੀ ਕਟਾਈ ਸਮੇਂ ਬਿਜਲੀ ਬੰਦ ਕਰਵਾਉਣ ਦੀ ਜਿੰਮੇਵਾਰੀ ਠੇਕੇਦਾਰ/ਸਫਲ ਬੋਲੀਕਾਰ ਦੀ ਹੋਵੇਗੀ।

13. ਬੋਲੀ ਪ੍ਰਵਾਨ ਜਾਂ ਰੱਦ ਕਰਨ ਦਾ ਅਧਿਕਾਰ ਕਮਿਸ਼ਨਰ, ਨਗਰ ਨਿਗਮ ਪਾਸ ਰਾਖਵਾਂ ਹੋਵੇਗਾ।

14. ਬੋਲੀ ਦੌਰਾਨ ਜਾਂ ਇਸ ਤੋਂ ਬਾਅਦ ਕੋਈ ਨਵੀਂ ਸ਼ਰਤਾਂ ਰੱਖਣ ਦਾ ਅਧਿਕਾਰ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਨੂੰ ਹੋਵੇਗਾ।

ਨਿਗਮ ਇੰਜੀਨੀਅਰ,
ਨਗਰ ਨਿਗਮ, ਬਠਿੰਡਾ